171

ਨਕਲ ਪੱਤਰ ਨੰ: 14/38/89-3ਸਿ1/19918 ਮਿਤੀ 9/9/02 ਵੱਲੋਂ ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿ-1 ਸ਼ਾਖਾ) ਵੱਲ ਡਾਇਰੈਕਟਰ ਸਿੱਖਿਆ ਵਿਭਾਗ(ਕਾ) ਪੰਜਾਬ,ਚੰਡੀਗੜ੍ਹ ।

ਵਿਸ਼ਾ:- ਰਾਜ ਦੇ ਪ੍ਰਾਈਵੇਟ ਏਡਿਡ ਕਾਲਜਾਂ ਵਿਚ ਕੰਮ ਕਰ ਰਹੇ ਡਾਇਰੈਕਟਰ ,ਫਿਜ਼ੀਕਲ ਐਜੂਕੇਸ਼ਨ ਦੀ ਆਸਾਮੀ ਦਾ ਪੱਦਨਾਮ ਬਦਲ ਕੇ ਲੈਕਚਰਾਰ ਫਿਜ਼ੀਕਲ ਐਜੂਕੇਸ਼ਨ ਕਰਨ ਬਾਰੇ।

ਪੰਜਾਬ ਦੇ ਰਾਜਪਾਲ ਸ੍ਰੀ ਪ੍ਰਸੰਨਤਾ ਪੂਰਵਕ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਵਿਚ ਕੰਮ ਕਰਦੇ ਡੀ.ਪੀ.ਈਜ਼ ਦਾ ਪੱਦਨਾਮ ਮਿਤੀ 1-1-1986 ਤੋਂ ਬਦਲ ਕੇ ਲੈਕਚਰਾਰ ਇਨ -ਫਿਜ਼ੀਕਲ ਐਜੂਕੇਸ਼ਨ ਕਰਨ ਦੀ ਪ੍ਰਵਾਨਗੀ ਦਿੰਦੇ ਹਨ। ਇਹ ਪ੍ਰਵਾਨਗੀ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ ਤੇ ਹੋਵੇਗੀ।

1. ਇਸ ਮੰਜ਼ੂਰੀ ਅਧੀਨ ਕੇਵਲ ਉਨ੍ਹਾਂ ਅਸਾਮੀਆਂ ਦਾ ਪੱਦਨਾਮ ਹੀ ਬਦਲਿਆ ਜਾਵੇਗਾ ਜਿਹੜੀਆਂ ਅਸਾਮੀਆਂ ਪਹਿਲਾਂ 95% ਘਾਟੇ ਦੀ ਗਰਾਂਟ ਅਧੀਨ ਕਵਰਡ ਹਨ ਅਤੇ ਇਹ ਵੀ ਜ਼ਰੂਰੀ ਹੋਵੇਗਾ ਕਿ ਜਿਸ ਸੰਸਥਾ ਵਿਚ ਡੀ.ਪੀ.ਈਜ਼ ਤੈਨਾਤ ਹਨ,ਉਸ ਸੰਸਥਾ ਵਿਚ ਫਿਜ਼ੀਕਲ ਐਜੂਕੇਸ਼ਨ ਦਾ ਵਿਸ਼ਾ "ਪੜ੍ਹਾਈ ਦੇ ਵਿਸ਼ੇ ਦੇ ਤੌਰ ਤੇ " ਉਸ ਸਮੇਂ ਤੋਂ ਪੜ੍ਹਾਇਆ ਜਾ ਰਿਹਾ ਹੋਵੇ;

2. ਮਿਤੀ 1-1-1996 ਤੋਂ ਪਹਿਲਾਂ ਦੇ ਸਮੇਂ ਦਾ ਵਿੱਤੀ ਬੋਝ ਜੇਕਰ ਕੋਈ ਹੋਵੇ,ਸਰਕਾਰ ਵੱਲੋਂ ਸਹਿਨ ਨਹੀਂ ਕੀਤਾ ਜਾਵੇਗਾ ।

3. ਮਿਤੀ 1-1-96 ਤੋਂ 31-3-2000 ਤੱਕ ਦੇ ਸਮੇਂ ਦੌਰਾਨ ਪੈਂਦਾ ਵਿੱਤੀ ਬੋਝ ਜੇਕਰ ਕੋਈ ਹੋਵੇ ਉਸ ਸਬੰਧੀ ਕੇਂਦਰ ਸਰਕਾਰ ਤੋਂ ਬਣਦਾ 80% ਹਿੱਸਾ ਪ੍ਰਾਪਤ ਹੋਣ ਤੇ ਹੀ ਸਬੰਧਤ ਕਰਮਚਾਰੀ ਨੂੰ ਬਣਦੀ ਅਦਾਇਗੀ ਕੀਤੀ ਜਾਵੇਗੀ।

4. ਕੇਵਲ ਉਨ੍ਹਾਂ ਡੀ.ਪੀ.ਈਜ਼ ਦਾ ਪੱਦਨਾਮ ਹੀ ਲੈਕਚਰਾਰ ਫਿਜ਼ੀਕਲ ਐਜੂਕੇਸ਼ਨ ਬਦਲਿਆ ਜਾਵੇਗਾ ਜਿਹੜੇ ਲੈਕਚਰਾਰ ਦੀਆਂ ਵਿਦਿਅਕ ਯੋਗਤਾਵਾਂ ਪੂਰੀਆਂ ਕਰਦੇ ਹੋਣ। ਜਿਹੜੇ ਡੀ.ਪੀ.ਈਜ਼ ਲੈਕਚਰਾਰ ਦੀਆਂ ਵਿਦਿਅਕ ਯੋਗਤਾਵਾਂ ਪੂਰੀਆਂ ਨਹੀਂ ਕਰਦੇ ਹਨ,ਉਹ ਤਿੰਨ ਸਾਲਾਂ ਵਿਚ ਆਪਣੀਆਂ ਯੋਗਤਾਵਾਂ ਪੂਰੀਆਂ ਕਰਨਗੇ। ਵਿਦਿਅਕ ਯੋਗਤਾਵਾਂ ਪੂਰੀ ਕਰਨ ਉਪਰੰਤ ਹੀ ਉਨ੍ਹਾਂ ਦਾ ਪੱਦਨਾਮ ਵਿਦਿਅਕ ਯੋਗਤਾਵਾਂ ਪੂਰੀਆਂ ਕਰਨ ਦੀ ਮਿਤੀ ਤੋਂ ਹੀ ਬਦਲਿਆ ਜਾਵੇਗਾ ।

5. ਇਹ ਪੱਦਨਾਮ ਉਨ੍ਹਾਂ ਕਾਲਜਾਂ ਦੇ ਡੀ.ਪੀ.ਈਜ਼ ਦਾ ਬਦਲਿਆ ਜਾਂਦਾ ਹੈ ,ਜਿਨ੍ਹਾਂ ਕਾਲਜਾਂ ਵਿਚ ਫਿਜ਼ੀਕਲ ਐਜੂਕੇਸ਼ਨ ਦਾ ਵਿਸ਼ਾ ਲਾਗੂ ਹੋਵੇ ਅਤੇ ਸਬੰਧਤ ਯੂਨੀਵਰਸਿਟੀ ਦੇ ਨਾਰਮਜ਼ ਅਨੁਸਾਰ ਵਰਕਲੋਡ ਵੀ ਪੂਰਾ ਹੋਵੇ ਅਤੇ ਪਹਿਲਾਂ ਵਾਂਗ ਉਹ ਡੀ.ਪੀ.ਈਜ਼ ਦੀਆਂ ਡਿਊਟੀਆਂ ਵੀ ਪੂਰੀਆਂ ਕਰਨਗੇ,

6. ਇਸ ਮੰਜ਼ੂਰੀ ਨਾਲ ਕਾਲਜ ਦੀ ਮੈਨੇਜਮੈਂਟ ਭਵਿੱਖ ਵਿਚ ਡੀ.ਪੀ.ਈਜ਼ ਦੀ ਆਸਾਮੀ ਦੀ ਮੰਗ ਨਹੀਂ ਕਰਨਗੇ। ਜਿਹੜੇ ਡੀ.ਪੀ.ਈਜ਼ ਲੈਕਚਰਾਰ ਦੀ ਵਿਦਿਅਕ ਯੋਗਤਾ ਪੂਰੀ ਨਹੀਂ ਕਰਦੇ, ਉਹ ਡੀ.ਪੀ.ਈ. ਹੀ ਰਹਿਣਗੇ। ਕੇਵਲ ਉਨ੍ਹਾਂ ਡੀ.ਪੀ.ਈਜ਼ ਆਸਾਮੀਆਂ ਦਾ ਉਨ੍ਹਾਂ ਦਾ ਪੱਦਨਾਮ ਡੀ.ਪੀ.ਈ. ... ਮੈਨੇਜਮੈਂਟ ਅਤੇ ਰਾਹੀਂ ਆਪਣੀ ਸਹਿਮਤੀ ਦੇਵੇਗੀ ਪੱਦਨਾਮ ਬਦਲਿਆ ਜਾਵੇਗਾ ਜਿਨ੍ਹਾਂ ਬਾਰੇ ਅਤੇ

ਚਲਦਾ ਪੰਨਾ ਨੰ....2

Scanned with CamScanner

7. ਕਿਉਂਕਿ ਨਵੇਂ ਸੋਧੇ ਸਕੇਲਾਂ ਵਿਚ ਡੀ.ਪੀ.ਈ. ਨੂੰ 12000-18300 ਰੁਪਏ ਦੇ ਸਕੇਲ ਵਿਚ 14940/-ਰੁ ਦੀ ਪਲੇਸਮੈਂਟ ਦਾ ਕੋਈ ਉਪਬੰਧ ਨਹੀਂ ਹੈ ਅਤੇ ਇਨ੍ਹਾਂ ਦਾ ਪੈਕਾਮ ਬਦਲਣ ਦੀ ਮਨਜ਼ੂਰੀ ਭਾਵੇਂ ਮਿਤੀ 1-1-86 ਤੋਂ ਦਿੱਤੀ ਜਾ ਰਹੀ ਹੈ, ਇਸਲਈ ਨੋਟੀਫਾਈਡ ਪੈਕਾਮ ਬਦਲੇ ਗਏ ਡੀ.ਪੀ.ਈਜ਼ ਨੂੰ 14940/-ਰੁ ਦੇ ਸਕੇਲ ਦੀ ਪਲੇਸਮੈਂਟ ਉਦੋਂ ਤੀਕ ਨਹੀਂ ਦਿੱਤੀ ਜਾਣੀ ਹੈ ਜਦੋਂ ਤੀਕ ਯੂ.ਜੀ.ਸੀ./ਭਾਰਤ ਸਰਕਾਰ ਵੱਲੋਂ ਡੀ.ਪੀ.ਈਜ਼ ਨੂੰ 14940/-ਰੁ ਦੇ ਸਕੇਲ ਦੀ ਪਲੇਸਮੈਂਟ ਨਹੀਂ ਦਿੱਤੀ ਜਾਂਦੀ।

3. ਇਹ ਮਨਜ਼ੂਰੀ ਵਿੱਤ ਵਿਭਾਗ ਦੇ ਅੰ:ਵਿ:ਪੱ:ਨੰ: 8/25/95-1ਵਿ.ਪ.-2/3304 ਮਿਤੀ 8-11-2001 ਰਾਹੀਂ ਪ੍ਰਾਪਤ ਸਹਿਮਤੀ ਅਨੁਸਾਰ ਜਾਰੀ ਕੀਤੀ ਜਾਂਦੀ ਹੈ।

4. ਇਸ ਮਨਜ਼ੂਰੀ ਨਾਲ ਪਹਿਲਾਂ ਜਾਰੀ ਕੀਤੇ ਗਏ ਪੱਤਰ ਮੀਮੋ ਨੰ: 14/38/89-3ਸਿ1/10713-14 ਮਿਤੀ 24-5-2002, ਮੀਮੋ ਨੰ: 14/38/89-3ਸਿ1/17404-05, ਮਿਤੀ 8-8-2002 ਅਤੇ ਮੀਮੋ ਨੰ: 14/38/89-3ਸਿ1/19168-69 ਮਿਤੀ 2-9-2002 ਦੀ ਅਧਿਲੰਘਣਾ ਹੁੰਦੀ ਹੈ।

5. ਮਿਤੀ 1-1-1996 ਤੋਂ 31-3-2000 ਤੱਕ ਦਾ ਬਣਦਾ ਵਿੱਤੀ ਬੋਝ ਸਰਕਾਰ ਨੂੰ ਦੱਸਿਆ ਜਾਵੇ ਤਾਂ ਜੋ ਭਾਰਤ ਸਰਕਾਰ ਤੋਂ ਬਣਦੇ 80% ਹਿੱਸੇ ਨੂੰ ਪ੍ਰਾਪਤ ਕਰਨ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

ਸਹੀ/-
ਵਧੀਕ ਸਕੱਤਰ, ਉਚੇਰੀ ਸਿਖਿਆ

ਦਫਤਰ: ਡਾਇਰੈਕਟਰ ਸਿਖਿਆ ਵਿਭਾਗ(ਕਾ)ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ: 227(ਸ) 1/1-95 ਗਰਾਂਟ 1(4)
ਮਿਤੀ: ਚੰਡੀਗੜ੍ਹ, 1/10/2002

ਪੰਜਾਬ ਸਰਕਾਰ ਸਿਖਿਆ ਵਿਭਾਗ(ਸਿ-1 ਸ਼ਾਖਾ) ਦੇ ਮੀਮੋ ਨੰ: 14/38/89-3ਸਿ1/19918 ਮਿਤੀ 9/9/02 ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ

1. ਰਾਜ ਦੇ ਸਮੂਹ ਪ੍ਰਾਈਵੇਟ ਏਡਿਡ ਕਾਲਜਾਂ ਦੇ ਪ੍ਰਿੰਸੀਪਲਜ਼। ਇਹ ਵੀ ਬੇਨਤੀ ਕੀਤੀ ਜਾਂਦੀ ਹੈ
ਕਿ ਪੈਕਾਮ ਬਦਲਣ ਨਾਲ ਮਿਤੀ 1-1-96 ਤੋਂ 31-3-2000 ਤੱਕ ਦੇ ਸਮੇਂ ਦਾ ਵਿੱਤੀ ਬੋਝ 15 ਦਿ
ਦੇ ਅੰਦਰ ਅੰਦਰ ਇਸ ਦਫਤਰ ਨੂੰ ਭੇਜਿਆ ਜਾਵੇ ਅਤੇ ਮੰਨਜ਼ੂਰੀ ਦੇ ਪੈਰ੍ਹਾ-6 ਅਨੁਸਾਰ ਮੈਨੇਜਮੈਂਟ ਵੱਲੋਂ ਲਿਖੇ ਗ
ਮਤੇ/ਸਹਿਮਤੀ ਦੀ ਕਾਪੀਆਂ ਵੀ ਇਸ ਦੇ ਦਫਤਰ ਨੂੰ ਭੇਜੀ ਜਾਵੇ।

2. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)(ਪ੍ਰੀ-ਆਡਿਟ ਸੈਲ)

3. ਸੁਪਰਡੰਟ ਗਰਾਂਟ-2 ਸ਼ਾਖਾ।

ਡਿਪਟੀ ਡਾਇਰੈਕਟਰ(ਕਾ: ਤੇ ਯੋ:)
ਵਾ: ਡਾਇਰੈਕਟਰ ਸਿਖਿਆ ਵਿਭਾਗ(ਕਾ)ਪੰਜਾਬ।

Scanned with CamScanner

ਦਫਤਰ : ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਪੰਜਾਬ, ਐਸ ਏ ਐਸ ਨਗਰ।
(ਗਰਾਂਟ-1 ਸ਼ਾਖਾ )

ਵੱਲ,

ਪ੍ਰਿੰਸੀਪਲ,
ਸਮੂਹ ਏਡਿਡ ਕਾਲਜ,
ਪੰਜਾਬ।

ਮੀਮੋ ਨੰਬਰ :- 21/9-2020 ਗ-1(2)/1240
ਮਿਤੀ, ਐਸ ਏ ਐਸ ਨਗਰ :- 25/8/2020

ਵਿਸ਼ਾ- ਡੀ.ਪੀ.ਈ ਦੀ ਪੋਸਟ ਦਾ ਨਾਮ ਬਦਲਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਜਾਂ ਵਿੱਚ ਕੰਮ ਕਰਦੇ ਡੀ ਪੀ ਈ ਦੀ ਪੋਸਟ ਦਾ ਨਾਮ ਸਹਾਇਕ ਪ੍ਰੋਫੈਸਰ ਫਿਜ਼ੀਕਲ ਐਜੂਕੇਸ਼ਨ ਕੀਤਾ ਜਾਂਦਾ ਹੈ।

ਸਹਾਇਕ ਡਾਇਰੈਕਟਰ (ਗ੍ਰਾਂਟ-1)

Scanned with CamScanner